## ਦਫਤਰ ਜਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ
( ਐਮ.ਏ.-1 ਸ਼ਾਖਾ)

### ਹੁਕਮ

ਜਦੋਂ ਕਿ ਮੇਰੇ ਧਿਆਨ ਵਿੱਚ ਆਇਆ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸਕੂਲਾਂ ਨੂੰ ਜਾਣ ਵਾਲੇ ਵਾਹਨ/ ਆਟੋ ਰਿਕਸ਼ਾ ਵਾਲੇ ਸਮਰਥਾਂ ਤੋਂ ਵੱਧ ਬੱਚਿਆਂ ਨੂੰ ਸਕੂਲ ਵਿੱਚ ਲੈ ਕੇ ਜਾਂਦੇ ਹਨ, ਜਿਸ ਨਾਲ ਟ੍ਰੈਫਿਕ ਸਮੱਸਿਆ ਤਾਂ ਪੈਦਾ ਹੋਣ ਤੋਂ ਇਲਾਵਾ ਹਾਦਸਿਆਂ ਦਾ ਵੀ ਖਤਰਾ ਬਣਿਆ ਰਹਿੰਦਾ ਹੈ।

ਉਪਰੋਕਤ ਸਥਿਤੀ ਨੂੰ ਮੁੱਖ ਰੱਖਦਿਆਂ ਹੋਇਆ ਮੈਂ, ਵਰੁਣ ਰੂਜ਼ਮ, ਆਈ.ਏ.ਐਸ, ਜਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ ਜਾਬਤਾ ਫੌਜਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋ ਕਰਦਿਆਂ ਹੁਕਮ ਜਾਰੀ ਕਰਦਾ ਹਾਂ ਕਿ ਕੋਈ ਵੀ ਵਾਹਨ ਆਟੋ-ਰਿਕਸ਼ਾ ਚਾਲਕ ਸਮਰਥਾਂ ਤੋਂ ਵੱਧ ਬੱਚਿਆਂ ਨੂੰ ਸਕੂਲ ਵਿੱਚ ਲੈ ਕੇ ਨਹੀ ਜਾਵੇਗਾ। ਸਮੂਹ ਸਕੂਲਾਂ ਦੇ ਪ੍ਰਿੰਸੀਪਲ/ਹੈਡਮਾਸਟਰ ਇਹ ਯਕੀਨੀ ਬਨਾਉਣਗੇ ਕਿ ਉਹ ਆਪਣੇ ਪੱਧਰ ਤੇ ਵੀ ਬੱਚਿਆਂ ਦੇ ਮਾਪਿਆਂ ਨੂੰ ਇਸ ਸਬੰਧੀ ਜਾਗਰੂਕ ਕਰਨ।

ਇਹ ਹੁਕਮ ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦਿਆਂ ਇਕਤਰਫਾ ਪਾਸ ਕੀਤਾ ਜਾਂਦਾ ਹੈ, ਜੋ ਮਿਤੀ 09.09.2016 ਤੋਂ ਤੁਰੰਤ ਲਾਗੂ ਹੋਵੇਗਾ ਅਤੇ ਮਿਤੀ 07.11.2016 ਤੱਕ ਲਾਗੂ ਰਹੇਗਾ।

ਇਸ ਹੁਕਮ ਦਾ ਪ੍ਰਚਾਰ ਜਿਲ੍ਹਾ ਲੋਕ ਸਪਰੰਕ ਅਵਸਰ, ਅੰਮ੍ਰਿਤਸਰ ਦੀ ਗੱਡੀ ਰਾਹੀਂ ਕੀਤਾ ਜਾਵੇਗਾ। ਹੁਕਮ ਦੀਆਂ ਕਾਪੀਆਂ ਕਮਿਸ਼ਨਰ ਆਫ ਪੁਲਿਸ,/ ਐਸ.ਐਸ.ਪੀ./ ਉਪ ਮੰਡਲ ਮੈਜਿਸਟਰੇਟ/ਸੁਪਰਡੰਟ ਆਫ ਪੁਲਿਸ ਟ੍ਰੈਫਿਕ/ ਤਹਿਸੀਲਦਾਰਾਂ./ ਜ਼ਿਲ੍ਹਾ ਟਰਾਂਸਪੋਰਟ ਅਫਸਰ ਕਾਰਜ ਸਾਧਕ ਅਫਸਰ ਅਤੇ ਬੀ.ਡੀ.ਪੀ.ਓਜ ਦੇ ਨੋਟਿਸ ਬੋਰਡਾਂ ਅਤੇ ਜਿਲ੍ਹਾ ਅੰਮ੍ਰਿਤਸਰ ਦੇ ਸਦਰ ਮੁਕਾਮਾਂ ਅਤੇ ਉਘੀਆਂ ਥਾਵਾਂ ਤੇ ਚਸਪਾ ਕਰਨ ਹਿਤ ਭੇਜੀਆਂ ਜਾਂਦੀਆਂ ਹਨ।

ਸੁਪਰਡੰਟ ਆਫ ਪੁਲਿਸ ਟ੍ਰੈਫਿਕ/ ਜ਼ਿਲ੍ਹਾ ਟਰਾਂਸਪੋਰਟ ਅਫਸਰ, ਅੰਮ੍ਰਿਤਸਰ ਅਤੇ ਸਮੂਹ ਸਕੂਲਾਂ ਦੇ ਪ੍ਰਿੰਸੀਪਲ/ਹੈਡਮਾਸਟਰ ਇਨਾਂ ਹੁਕਮਾਂ ਦੀ ਪਾਲਣਾ ਕਰਨੀ ਯਕੀਨੀ ਬਨਾਉਣਗੇ। ਇਹ ਹੁਕਮ ਅੱਜ ਮਿਤੀ 6/9/16 ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਹੇਠ ਜ਼ਾਰੀ ਕੀਤਾ ਗਿਆ ।

ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ

DISTRICT MAGISTRATE AMRITSAR

ਪਿੱਠ ਅੰਕਣ ਨੰਬਰ ਐਮ.ਏ.-1/ 6454-83 ਮਿਤੀ: 6/9/16

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀਂ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਮੁੱਖ ਸਕੱਤਰ/ਗ੍ਰਹਿ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ / ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ।
3. ਡੀ.ਆਈ.ਜੀ., ਸੀ.ਆਈ.ਡੀ., ਪੰਜਾਬ, ਚੰਡੀਗੜ੍ਹ।
4. ਡੀ.ਆਈ.ਜੀ., ਬਾਰਡਰ ਰੇਜ਼/ ਬੀ.ਐਸ.ਐਫ.,ਖਾਸਾ, ਅੰਮ੍ਰਿਤਸਰ।
5. ਰਾਜ ਦੇ ਸਾਰੇ ਜਿਲ੍ਹਾ ਮੈਜਿਸਟਰੇਟ।
6. ਕਮਿਸ਼ਨਰ ਪੁਲਿਸ, ਅੰਮ੍ਰਿਤਸਰ (ਸ਼ਹਿਰੀ)/ ਜ਼ਿਲ੍ਹਾ ਪੁਲਿਸ ਮੁੱਖੀ, ਅੰਮ੍ਰਿਤਸਰ (ਦਿਹਾਤੀ)।
7. ਜ਼ਿਲ੍ਹਾ ਅਤੇ ਸੈਸ਼ਨ ਜੱਜ, ਅੰਮ੍ਰਿਤਸਰ/ ਚੀਫ ਜੁਡੀਸ਼ੀਅਲ ਮੈਜਿਸਟਰੇਟ, ਅੰਮ੍ਰਿਤਸਰ ।
8. ਐਸ.ਪੀ., ਸੀ.ਆਈ.ਡੀ., ਅੰਮ੍ਰਿਤਸਰ ।
9. ਉਪ ਮੰਡਲ ਮੈਜਿਸਟਰੇਟ/ ਤਹਿਸੀਲਦਾਰ, ਅੰਮ੍ਰਿਤਸਰ-1/ ਅੰਮ੍ਰਿਤਸਰ-2/ ਅਜਨਾਲਾ ਅਤੇ ਬਾਬਾ ਬਕਾਲਾ।
10. ਸੁਪਰਡੰਟ ਆਫ ਪੁਲਿਸ,(ਟ੍ਰੈਫਿਕ), ਅੰਮ੍ਰਿਤਸਰ
11. ਜ਼ਿਲ੍ਹਾ ਟਰਾਂਸਪੋਰਟ ਅਫਸਰ, ਅੰਮ੍ਰਿਤਸਰ
12. ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ)/ (ਐ.ਸਿ), ਅੰਮ੍ਰਿਤਸਰ
13. ਸਮੂਹ ਸਕੂਲਾਂ ਦੇ ਪ੍ਰਿੰਸੀਪਲ/ ਹੈਡਮਾਸਟਰ ਜ਼ਿਲ੍ਹਾ ਅੰਮ੍ਰਿਤਸਰ
14. ਕਾਰਜ ਸਾਧਕ ਅਫਸਰ, ਰਾਜਾਸਾਂਸੀ, ਅਜਨਾਲਾ, ਰਈਆ, ਜੰਡਿਆਲਾਗੁਰੂ, ਮਜੀਠਾ, ਰਮਦਾਸ ਅਤੇ ਬੀ.ਡੀ.ਪੀ.ਓ, ਮਜੀਠਾ, ਅਟਾਰੀ, ਅਜਨਾਲਾ, ਚੋਗਾਵਾਂ, ਰਈਆ, ਤਰਸਿੱਕਾ, ਹਰਸ਼ਾਛੀਨਾ, ਵੇਰਕਾ, ਜੰਡਿਆਲਾਗੁਰੂ
15. ਜਿਲ੍ਹਾ ਅਟਾਰਨੀ, ਅੰਮ੍ਰਿਤਸਰ।
16. ਜਿਲ੍ਹਾ ਲੋਕ ਸਪਰੰਕ ਅਫਸਰ, ਅੰਮ੍ਰਿਤਸਰ।
17. ਪੀ.ਏ. ਟੂ ਡੀ.ਸੀ., ਅੰਮ੍ਰਿਤਸਰ।

ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।